Australian Government
Department of Home Affairs

# ਆਸਟ੍ਰੇਲੀਆ ਛੱਡ ਕੇ ਜਾ ਰਹੇ ਹੋ

ਇਸ ਸਫੇ ਉਪਰ

ਗੈਰ-ਨਾਗਰਿਕ

ਆਰਜ਼ੀ ਵੀਜ਼ਾ ਧਾਰਕਾਂ ਦਾ ਘਰ ਵਾਪਸ ਜਾਣਾ

ਆਸਟ੍ਰੇਲੀਆ ਦੇ ਨਾਗਰਿਕ ਅਤੇ ਪੱਕੇ ਨਿਵਾਸੀ

ਆਸਟ੍ਰੇਲੀਆ ਦੇ ਭਾਈਚਾਰੇ ਦੀ ਸਿਹਤ ਦੀ ਸੁਰੱਖਿਆ ਕਰਨ ਲਈ ਆਸਟ੍ਰੇਲੀਆ ਦੇ ਕੋਲ ਸਖਤ ਸਰਹੱਦੀ ਪਾਬੰਦੀਆਂ ਥਾਂ ਸਿਰ ਹਨ। ਇਸ ਵੇਲੇ ਆਸਟ੍ਰੇਲੀਆ ਵੱਲ ਨੂੰ ਆਉਣ ਅਤੇ ਇੱਥੋਂ ਜਾਣ ਲਈ ਬਹੁਤ ਸੀਮਤ ਉਡਾਣਾਂ ਉਪਲਬਧ ਹਨ ਅਤੇ ਤੁਸੀਂ ਸ਼ਾਇਦ ਇਸ ਸਮੇਂ ਸਫਰ ਕਰਨ ਦੇ ਯੋਗ ਨਹੀਂ ਹੋ ਸਕੋਗੇ। ਵੇਖੋ: ਰਾਸ਼ਟਰੀ ਕੈਬਨਿਟ ਮੀਡੀਆ ਬਿਆਨ।

ਆਸਟ੍ਰੇਲੀਆ ਦੇ ਨਾਗਰਿਕਾਂ ਦੇ ਸਮੇਤ, ਆਸਟ੍ਰੇਲੀਆ ਵਿੱਚ ਪਹੁੰਚਣ ਵਾਲੇ ਸਾਰੇ ਯਾਤਰੀਆਂ ਨੂੰ, ਉਹਨਾਂ ਦੀ ਪਹੁੰਚਣ ਵਾਲੀ ਜਗ੍ਹਾ ਉੱਤੇ ਲਾਜ਼ਮੀ ਤੌਰ ਤੇ 14 ਦਿਨਾਂ ਲਈ ਦੂਸਰਿਆਂ ਤੋਂ ਪਰ੍ਹੇ ਇਕ ਮਿਥੀ ਹੋਈ ਜਗ੍ਹਾ ਉਪਰ ਰਹਿਣਾ ਪਵੇਗਾ, ਜਿਵੇਂ ਕਿ ਹੋਟਲ। ਵੇਖੋ ਯਾਤਰੀਆਂ ਲਈ ਕਰੋਨਾਵਾਇਰਸ (COVID-19) ਸਲਾਹ। ਤੁਹਾਨੂੰ ਦੂਸਰਿਆਂ ਤੋਂ ਪਰ੍ਹੇ ਰਹਿਣ ਦੀਆਂ ਲਾਗਤਾਂ ਦਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ। ਦੂਸਰਿਆਂ ਤੋਂ ਪਰ੍ਹਾਂ ਰਹਿਣ ਦੀਆਂ ਜ਼ਰੂਰਤਾਂ ਬਾਰੇ ਜਾਣਕਾਰੀ ਲੈਣ ਲਈ ਸਬੰਧਿਤ ਰਾਜ ਜਾਂ ਕੇਂਦਰੀ ਪ੍ਰਦੇਸ਼ ਸਰਕਾਰ ਦੇ ਸਿਹਤ ਵਿਭਾਗ ਨਾਲ ਸੰਪਰਕ ਕਰੋ।

## ਗੈਰ-ਨਾਗਰਿਕ

ਰਾਜ ਅਤੇ ਪ੍ਰਦੇਸ਼ ਦੀਆਂ ਹੱਦਾਂ ਦੀਆਂ ਪਾਬੰਦੀਆਂ, ਵਪਾਰਾਂ ਦੇ ਬੰਦ ਹੋਣ ਅਤੇ ਸਮਾਜਿਕ ਦੂਰੀਆਂ ਦੀਆਂ ਜ਼ਰੂਰਤਾਂ ਸਮੇਤ ਆਸਟ੍ਰੇਲੀਆ ਵਿੱਚ COVID-19 ਦੇ ਮੌਜੂਦਾ ਹਾਲਾਤਾਂ ਦੇ ਕਰਕੇ ਵਿਦੇਸ਼ੀ ਯਾਤਰੂਆਂ ਨੂੰ ਜਦੋਂ ਸੰਭਵ ਹੋ ਸਕੇ ਤਾਂ ਘਰ ਵਾਪਸ ਜਾਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਆਰਜ਼ੀ ਵੀਜ਼ਾ ਧਾਰਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ ਕਿ ਜੇ ਉਹ ਆਸਟ੍ਰੇਲੀਆ ਵਿੱਚ ਵਾਪਸ ਆਉਣਾ ਚਾਹੁੰਦੇ ਹਨ ਜਦੋਂ ਕਿ COVID-19 ਦੀਆਂ ਪਾਬੰਦੀਆਂ ਲਾਗੂ ਹਨ, ਤਾਂ ਉਹਨਾਂ ਨੂੰ ਆਮ ਤੌਰ ਤੇ ਸਫਰ ਵਿੱਚ ਛੋਟ ਦੀ ਲੋੜ ਪਵੇਗੀ। ਕਮਿਸ਼ਨਰ ਦੀਆਂ ਛੋਟਾਂ ਬਾਰੇ ਵਧੇਰੇ ਜਾਣਕਾਰੀ ਲਈ, ਵੇਖੋ ਆਸਟ੍ਰੇਲੀਆ ਵਿੱਚ ਆਉਣਾ।

## ਆਰਜ਼ੀ ਵੀਜ਼ਾ ਧਾਰਕਾਂ ਦਾ ਘਰ ਵਾਪਸ ਜਾਣਾ

COVID-19 ਤੋਂ ਪ੍ਰਭਾਵਿਤ ਆਰਜ਼ੀ ਵੀਜ਼ਾ ਧਾਰਕ ਵਾਪਸ ਆਪਣੇ ਮੂਲ ਦੇਸ਼ ਨੂੰ ਜਾਣ ਦਾ ਪ੍ਰੋਗਰਾਮ ਬਣਾ ਸਕਦੇ ਹਨ, ਜੇਕਰ ਉਸ ਦੇਸ਼ ਦੀਆਂ ਸਰਹੱਦੀ ਪਾਬੰਦੀਆਂ ਇਸ ਦੀ ਆਗਿਆ ਦਿੰਦੀਆਂ ਹਨ।

ਆਰਜ਼ੀ ਵੀਜ਼ਾ ਧਾਰਕਾਂ ਨੂੰ ਆਸਟ੍ਰੇਲੀਆ ਵਿੱਚੋਂ ਬਾਹਰ ਜਾਣ ਲਈ ਛੋਟ ਦੀ ਲੋੜ ਨਹੀਂ ਹੈ। ਉਹ ਕਿਸੇ ਵੀ ਸਮੇਂ ਜਾ ਸਕਦੇ ਹਨ, ਜਦ ਤੱਕ ਕਿ ਉਸ ਦੇਸ਼ ਦੀਆਂ ਸਰਹੱਦੀ ਪਾਬੰਦੀਆਂ ਉਹਨਾਂ ਨੂੰ ਵਾਪਸ ਆਉਣ ਦੀ ਆਗਿਆ ਦਿੰਦੀਆਂ ਹਨ।

ਯਾਦ ਰੱਖੋ ਕਿ COVID-19 ਦੀ ਸਥਿੱਤੀ ਲਗਾਤਾਰ ਬਦਲ ਰਹੀ ਹੈ।

ਹਰੇਕ ਹਫਤੇ ਪਤਾ ਕਰੋ:

- ਸਰਹੱਦੀ ਪਾਬੰਦੀਆਂ
- ਉਡਾਣਾਂ ਦੀ ਉਪਲਬਧਤਾ।

ਆਸਟ੍ਰੇਲੀਆ ਭਰ ਵਿੱਚ ਬਹੁਤੇ ਵੱਡੇ ਹਵਾਈ ਅੱਡਿਆਂ ਉੱਤੇ ਵਪਾਰਕ ਉਡਾਣਾਂ ਉਪਲਬਧ ਹਨ। ਆਸਟ੍ਰੇਲੀਆ ਵਿੱਚੋਂ ਜਾਣ ਲਈ ਇਹ ਏਅਰਲਾਈਨਾਂ ਇਸ ਸਮੇਂ ਉਡਾਣਾਂ ਚਲਾ ਰਹੀਆਂ ਹਨ:

ਚੱਲ ਰਹੀਆਂ ਏਅਰਲਾਈਨਾਂ ਵਿੱਚ ਸ਼ਾਮਲ ਹਨ: ਏਅਰ ਏਸ਼ੀਆ | ਏਅਰ ਨਿਊਜ਼ੀਲੈਂਡ | ਚਾਈਨਾ ਏਅਰਲਾਈਨਜ਼ | ਚਾਈਨਾ ਸਦਰਨ ਏਅਰਲਾਈਨਜ਼ | ਇਮੀਰੇਟਸ | ਮਲੇਸ਼ੀਆ ਏਅਰਲਾਈਨਜ਼ | ਸ੍ਰੀ ਲੰਕਨ ਏਅਰਲਾਈਨਜ਼ | ਕਤਾਰ ਏਅਰਵੇਜ਼ | ਯੂਨਾਈਟਡ

ਤੁਸੀਂ ਇਹ ਵੀ ਪਤਾ ਲਗਾਉਣਾ ਚਾਹੋਗੇ ਕਿ ਜੇ ਤੁਹਾਡੇ ਮੂਲ ਦੇਸ਼ ਨੂੰ ਜਾਣ ਵਾਲੀਆਂ ਕੋਈ ਨਿੱਜੀ ਜਾਂ ਸਰਕਾਰੀ ਦੇਸ਼ ਵਾਪਸੀ ਵਾਲੀਆਂ ਉਡਾਣਾਂ ਚੱਲ ਰਹੀਆਂ ਹਨ।

ਭਾਰਤ ਇਸ ਵੇਲੇ ਦੇਸ਼ ਵਾਪਸੀ ਵਾਲੀਆਂ ਉਡਾਣਾਂ ਦਾ ਪ੍ਰਬੰਧ ਕਰ ਰਿਹਾ ਹੈ।

ਵਾਪਸ ਘਰ ਜਾਣ ਵਾਸਤੇ ਜੇ ਤੁਹਾਨੂੰ ਵਧੇਰੇ ਸਹਾਇਤਾ ਦੀ ਲੋੜ ਹੈ, ਤੁਸੀਂ ਆਸਟ੍ਰੇਲੀਆ ਵਿੱਚ ਆਪਣੀ ਐਂਬੈਸੀ ਜਾਂ ਕੰਸਲੇਟ ਨਾਲ ਸੰਪਰਕ ਕਰ ਸਕਦੇ ਹੋ।

ਤੁਸੀਂ ਆਪਣੇ ਵੇਰਵੇ ਵੀ ਰਜਿਸਟਰ ਕਰ ਸਕਦੇ ਹੋ।

ਅਸੀਂ ਤੁਹਾਡੀ ਜਾਣਕਾਰੀ ਨੂੰ ਵਿਦੇਸ਼ੀ ਮਾਮਲਿਆਂ ਤੇ ਵਪਾਰ ਦੇ ਵਿਭਾਗ ਨੂੰ ਦੇ ਦੇਵਾਂਗੇ, ਜੋ ਕਿ ਇਸ ਜਾਣਕਾਰੀ ਨੂੰ ਤੁਹਾਡੇ ਦੇਸ਼ ਦੀ ਸਰਕਾਰ ਨੂੰ ਦੇ ਸਕਦੇ ਹਨ (ਇਹ ਵਿਦੇਸ਼ ਵਿੱਚ ਜਾਂ ਆਸਟ੍ਰੇਲੀਆ ਵਿੱਚ ਐਂਬੈਸੀ, ਕੰਸਲੇਟ ਜਾਂ ਹਾਈ ਕਮਿਸ਼ਨ ਦਾ ਨੁਮਾਇੰਦਾ ਹੋ ਸਕਦਾ ਹੈ)।

ਇਹ ਸੇਵਾ ਸਿਰਫ ਆਰਜ਼ੀ ਵੀਜ਼ਾ ਧਾਰਕਾਂ ਲਈ ਹੈ।

## ਆਸਟ੍ਰੇਲੀਆ ਦੇ ਨਾਗਰਿਕ ਅਤੇ ਪੱਕੇ ਨਿਵਾਸੀ

ਜੇ ਤੁਸੀਂ ਆਸਟ੍ਰੇਲੀਆ ਦੇ ਨਾਗਰਿਕ ਜਾਂ ਪੱਕੇ ਨਿਵਾਸੀ ਹੋ ਤਾਂ ਤੁਸੀਂ COVID-19 ਪਾਬੰਦੀਆਂ ਦੇ ਕਾਰਣ ਆਸਟ੍ਰੇਲੀਆ ਨੂੰ ਛੱਡ ਕੇ ਨਹੀਂ ਜਾ ਸਕਦੇ, ਜਦ ਤੱਕ ਕਿ ਤੁਹਾਡੇ ਕੋਲ ਛੋਟ ਹੋਵੇ। ਤੁਸੀਂ ਔਨਲਾਈਨ ਅਰਜ਼ੀ ਦੇ ਸਕਦੇ ਹੋ ਪਰ ਤੁਹਾਨੂੰ ਹੇਠ ਲਿਖਿਆਂ ਵਿੱਚੋਂ ਘੱਟੋ ਘੱਟ ਇਕ ਸ਼ਰਤ ਨੂੰ ਲਾਜ਼ਮੀ ਪੂਰਾ ਕਰਨਾ ਹੈ:

- ਸਹਾਇਤਾ ਪ੍ਰਦਾਨ ਕਰਨ ਸਮੇਤ, ਤੁਹਾਡੀ ਯਾਤਰਾ COVID-19 ਮਹਾਂਮਾਰੀ ਦੇ ਜਵਾਬ ਦੇ ਹਿੱਸੇ ਵਜੋਂ ਹੈ

- ਤੁਹਾਡੀ ਯਾਤਰਾ ਨਾਜ਼ੁਕ ਉਦਯੋਗਾਂ ਅਤੇ ਵਪਾਰਾਂ ਦੇ ਚਲਾਉਣ ਲਈ ਜ਼ਰੂਰੀ ਹੈ (ਬਰਾਮਦ ਤੇ ਦਰਾਮਦ ਉਦਯੋਗਾਂ ਸਮੇਤ)
- ਤੁਸੀਂ ਅੱਤ ਜ਼ਰੂਰੀ ਡਾਕਟਰੀ ਇਲਾਜ ਕਰਵਾਉਣ ਲਈ ਯਾਤਰਾ ਕਰ ਰਹੇ ਹੋ ਜੋ ਕਿ ਆਸਟ੍ਰੇਲੀਆ ਵਿੱਚ ਉਪਲਬਧ ਨਹੀਂ ਹੈ
- ਤੁਸੀਂ ਨਾ ਟਾਲੇ ਜਾ ਸਕਣ ਵਾਲੇ ਅਤੇ ਜ਼ਰੂਰੀ ਨਿੱਜੀ ਕੰਮ ਲਈ ਸਫਰ ਕਰ ਰਹੇ ਹੋ
- ਤੁਸੀਂ ਦਿਆਲਤਾ ਜਾਂ ਮਜ਼ਬੂਰੀ ਵਾਲਾ ਕਾਰਣਾਂ ਕਰਕੇ ਸਫਰ ਕਰ ਰਹੇ ਹੋ
- ਤੁਹਾਡਾ ਸਫਰ ਰਾਸ਼ਟਰੀ ਹਿੱਤ ਵਿੱਚ ਹੈ।

ਤੁਹਾਨੂੰ ਆਪਣੇ ਦਾਅਵਿਆਂ ਦੇ ਸਮਰਥਨ ਵਿੱਚ ਸਬੂਤ ਜ਼ਰੂਰ ਪ੍ਰਦਾਨ ਕਰਨੇ ਚਾਹੀਦੇ ਹਨ ਜਿੰ੍ਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਪਾਸਪੋਰਟ
- ਵਿਆਹ ਦੇ ਸਰਟੀਫਿਕੇਟ
- ਜਨਮ ਦੇ ਸਰਟੀਫਿਕੇਟ
- ਮੌਤ ਦੇ ਸਰਟੀਫਿਕੇਟ
- ਰਿਸ਼ਤੇ ਦਾ ਸਬੂਤ (ਉਦਾਹਰਣ ਵਜੋਂ, ਸਾਂਝਾ ਕਿਰਾਏਨਾਮਾ, ਸਾਂਝਾ ਬੈਂਕ ਖਾਤਾ ਆਦਿ)
- ਸਬੂਤ ਕਿ ਤੁਸੀਂ ਲੰਮੇ ਸਮੇਂ ਲਈ ਕਿਸੇ ਦੂਸਰੇ ਦੇਸ਼ ਵਿੱਚ ਰਹਿਣ ਜਾ ਰਹੇ ਹੋ, ਜਿਵੇਂ ਕਿ ਲੀਜ਼ਾਂ, ਨੌਕਰੀ ਦੀਆਂ ਪੇਸ਼ਕਸ਼ਾਂ ਅਤੇ ਸਬੂਤ ਕਿ ਤੁਹਾਡਾ ਸਮਾਨ ਵੀ ਲਿਜਾਇਆ ਜਾ ਰਿਹਾ ਹੈ
- ਆਸਟ੍ਰੇਲੀਆ ਅਤੇ/ਜਾਂ ਵਿਦੇਸ਼ ਦੇ ਸਮੇਤ ਤੁਹਾਡਾ ਚਲੰਤ ਵੈਧ ਵੀਜ਼ੇ ਦਾ ਸਬੂਤ
- ਡਾਕਟਰ ਜਾਂ ਹਸਪਤਾਲ ਤੋਂ ਡਾਕਟਰੀ ਇਲਾਜ/ਸਥਿੱਤੀ ਬਾਰੇ ਚਿੱਠੀ ਜਿਸ ਵਿੱਚ ਬਿਆਨ ਹੋਵੇ ਕਿ ਸਫਰ ਕਰਨਾ ਕਿਉਂ ਜ਼ਰੂਰੀ ਹੈ
- ਰੁਜ਼ਗਾਰਦਾਤੇ ਵੱਲੋਂ ਚਿੱਠੀ ਜੋ ਵਿਖਾਉਂਦੀ ਹੋਵੇ ਕਿ ਸਫ਼ਰ ਕਰਨਾ ਕਿਉਂ ਜ਼ਰੂਰੀ ਹੈ ਜਾਂ ਇਹ ਕਿ ਤੁਹਾਡੇ ਦੁਆਰਾ ਕਰਨ ਵਾਲਾ ਕੰਮ ਅਹਿਮ ਕਿਉਂ ਹੈ
- ਬਿਆਨ ਜਾਂ ਸਬੂਤ ਇਹ ਵਿਖਾਉਣ ਲਈ ਕਿ ਤੁਸੀਂ ਕਦੋਂ ਆਸਟ੍ਰੇਲੀਆ ਵਿੱਚ ਵਾਪਸ ਆਉਣਾ ਚਾਹੋਗੇ
- ਤੁਹਾਡੇ ਕੋਲ ਸ਼ਾਇਦ ਕੋਈ ਹੋਰ ਸਬੂਤ ਹੋਵੇ ਜੋ ਤੁਹਾਡੇ ਦਾਅਵਿਆਂ ਵਿੱਚ ਸਹਾਇਤਾ ਕਰ ਸਕਦਾ ਹੈ।

**ਸਫ਼ਰ ਦੀ ਛੋਟ ਦਾ ਦਾਅਵਾ ਕਰਨ ਵਿੱਚ ਸਹਾਇਤਾ ਕਰਨ ਵਾਲੇ ਸਾਰੇ ਸਬੂਤਾਂ ਦਾ ਅਧਿਕਾਰਿਤ ਤੌਰ ਤੇ ਅੰਗਰੇਜ਼ੀ ਵਿੱਚ ਅਨੁਵਾਦ ਹੋਇਆ ਹੋਣਾ ਚਾਹੀਦਾ ਹੈ।**

**ਤੁਹਾਨੂੰ ਛੋਟ ਦੀ ਅਰਜ਼ੀ ਆਪਣੇ ਯੋਜਨਾਬੱਧ ਸਫਰ ਤੋਂ ਘੱਟੋ ਘੱਟ 4 ਹਫਤੇ ਪਹਿਲਾਂ ਪਾਉਣੀ ਚਾਹੀਦੀ ਹੈ, ਪਰ 3 ਮਹੀਨਿਆਂ ਤੋਂ ਜ਼ਿਆਦਾ ਪਹਿਲਾਂ ਨਹੀਂ।**

**ਜੇ ਤੁਹਾਨੂੰ ਛੋਟ ਪ੍ਰਦਾਨ ਨਹੀਂ ਕੀਤੀ ਜਾਂਦੀ ਹੈ, ਤਾਂ ਤੁਹਾਨੂੰ ਆਪਣੇ ਸਫਰ ਦੀਆਂ ਯੋਜਨਾਵਾਂ ਨੂੰ ਜਾਰੀ ਨਹੀਂ ਰੱਖਣਾ ਚਾਹੀਦਾ ਹੈ। ਜੇਕਰ ਛੋਟ ਮਿਲ ਜਾਂਦੀ ਹੈ, ਤੁਸੀਂ ਉਸ ਛੋਟ ਦੇ ਫੈਸਲੇ ਦਾ ਸਬੂਤ ਆਪਣੇ ਨਾਲ ਜ਼ਰੂਰ ਹਵਾਈ ਅੱਡੇ ਉੱਤੇ ਲੈ ਕੇ ਜਾਓ।**

ਤੁਹਾਨੂੰ ਛੋਟ ਹੈ ਜੇ ਤੁਸੀਂ ਇਹਨਾਂ ਵਿੱਚੋਂ ਇਕ ਹੋ:

- ਆਸਟ੍ਰੇਲੀਆ ਤੋਂ ਬਿਨਾਂ ਕਿਸੇ ਦੂਸਰੇ ਦੇਸ਼ ਦੇ ਸਾਧਾਰਣ ਨਿਵਾਸੀ ਹੋ
- ਹਵਾਈ, ਸਮੁੰਦਰੀ ਅਮਲਾ ਜਾਂ ਸੰਬੰਧਿਤ ਸੁਰੱਖਿਆ ਕਾਮਾ

- ਨਿਊਜ਼ੀਲੈਂਡ ਦੇ ਨਾਗਰਿਕ ਜਿੰਨ੍ਹਾਂ ਕੋਲ ਖਾਸ ਸ਼੍ਰੇਣੀ (ਸਬਕਲਾਸ 444) ਵਾਲਾ ਵੀਜ਼ਾ ਹੈ
- ਬਾਹਰ ਜਾਣ ਵਾਲੇ ਸਮਾਨ ਦਾ ਰੋਜ਼ਾਨਾ ਪ੍ਰਬੰਧ ਕਰਨ ਨਾਲ ਜੁੜੇ ਹੋਏ
- ਆਸਟ੍ਰੇਲੀਆ ਦੀ ਸਰਹੱਦੋਂ ਬਾਹਰ ਲਾਜ਼ਮੀ ਕੰਮ ਦੀਆਂ ਸੇਵਾਵਾਂ ਨਾਲ ਜੁੜੇ
- ਆਸਟ੍ਰੇਲੀਆ ਦੀ ਫੌਜ ਦੇ ਮੈਂਬਰਾਂ ਸਮੇਤ ਉਹ ਲੋਕ ਜੋ ਸਰਕਾਰ ਦੇ ਦਫਤਰੀ ਕੰਮਾਂ ਵਾਸਤੇ ਸਫਰ ਕਰ ਰਹੇ ਹਨ।

ਆਸਟਰੇਲੀਆ ਨੂੰ ਛੱਡ ਕੇ ਤੁਹਾਨੂੰ ਉਸ ਦੇਸ਼ ਦਾ ਆਮ ਨਿਵਾਸੀ ਮੰਨਿਆ ਜਾਂਦਾ ਹੈ ਜੇ ਅੰਤਰ-ਰਾਸ਼ਟਰੀ ਆਉਣ ਜਾਣ ਦੇ ਰਿਕਾਰਡ ਵਿਖਾਉਂਦੇ ਹਨ ਕਿ ਪਿਛਲੇ 12 ਤੋਂ 24 ਮਹੀਨਿਆਂ ਦੇ ਦੌਰਾਨ ਤੁਸੀਂ ਆਸਟ੍ਰੇਲੀਆ ਦੇ ਅੰਦਰ ਦੀ ਥਾਂਵੇਂ ਬਾਹਰ ਬਿਤਾਇਆ ਹੈ। ਤੁਹਾਨੂੰ ਆਪਣੇ ਨਾਲ ਆਪਣੇ ਆਉਣ ਜਾਣ ਦਾ ਕਾਗਜ਼ੀ ਰਿਕਾਰਡ ਨਾਲ ਲੈ ਕੇ ਚੱਲਣ ਦੀ ਲੋੜ ਨਹੀਂ ਹੈ। ਜੇ ਚਾਹੀਦਾ ਹੋਵੇ, ਆਸਟ੍ਰੇਲੀਅਨ ਬੌਰਡਰ ਫੋਰਸ ਹਵਾਈ ਅੱਡੇ ਉੱਤੇ ਤੁਹਾਡੇ ਆਉਣ ਜਾਣ ਦਾ ਰਿਕਾਰਡ ਵਿਭਾਗੀ ਪ੍ਰਣਾਲੀ ਤੋਂ ਪਤਾ ਕਰ ਸਕਦੀ ਹੈ।

ਪਿਛਲੇ 12 ਤੋਂ 24 ਮਹੀਨਿਆਂ ਦੇ ਦੌਰਾਨ ਜੇ ਤੁਸੀਂ ਆਸਟ੍ਰੇਲੀਆ ਦੇ ਅੰਦਰ ਦੀ ਥਾਂਵੇਂ ਬਾਹਰ ਨਹੀਂ ਬਿਤਾਇਆ ਹੈ, ਪਰ ਅਜੇ ਵੀ ਆਪਣੇ ਆਪ ਨੂੰ ਕਿਸੇ ਦੂਸਰੇ ਦੇਸ਼ ਦਾ ਆਮ ਨਿਵਾਸੀ ਮੰਨਦੇ ਹੋ, ਤੁਸੀਂ ਸਫਰ ਵਿੱਚ ਛੋਟ ਲਈ ਅਰਜ਼ੀ ਦਾਖਲ ਕਰ ਸਕਦੇ ਹੋ।

ਤੁਹਾਡੀ ਬੇਨਤੀ ਵਿੱਚ ਸਬੂਤ ਸ਼ਾਮਲ ਹੋਣੇ ਚਾਹੀਦੇ ਹਨ, ਉਦਾਹਰਣ ਵਜੋਂ:

- ਦਸਤਾਵੇਜ਼ ਜੋ ਵਿਖਾਉਂਦੇ ਹੋ ਕਿ ਤੁਹਾਡੇ ਕੋਲ ਕਿਸੇ ਦੂਸਰੇ ਦੇਸ਼ ਵਿੱਚ ਸਥਾਪਿਤ ਅਤੇ ਵੱਸਿਆ ਹੋਇਆ ਘਰ ਹੈ
- ਤੁਹਾਡੇ ਨੇੜਲੇ ਪਰਿਵਾਰ ਦੇ ਜੀਆਂ ਦੀ ਸਥਿੱਤੀ
- ਆਸਟ੍ਰੇਲੀਆ ਤੋਂ ਬਾਹਰ ਕੰਮ ਕਰਨ ਵਾਸਤੇ ਰੁਜ਼ਗਾਰ ਦਾ ਇਕਰਾਰਨਾਮਾ
- ਨਿਰਭਰ ਬੱਚਿਆਂ ਦਾ ਸਕੂਲ ਵਿੱਚ ਦਾਖਲਾ
- ਚੱਲ ਰਹੇ ਕਾਰੋਬਾਰ/ਜਾਇਦਾਦ ਵਿੱਚ ਦਿਲਚਸਪੀਆਂ ਦੇ ਸਬੂਤ
- ਸਬੂਤ ਕਿ ਤੁਹਾਡੇ ਕੋਲ ਦੂਹਰੀ ਨਾਗਰਿਕਤਾ ਹੈ ਜਾਂ ਕਿਸੇ ਦੂਸਰੇ ਦੇਸ਼ ਦਾ ਵੀਜ਼ਾ ਹੈ
- ਸਬੂਤ ਜੋ ਵਿਖਾਉਂਦੇ ਹੋਣ ਕਿ ਦੂਸਰੇ ਦੇਸ਼ ਵਿੱਚੋਂ ਤੁਹਾਡੀ ਗੈਰ-ਹਾਜ਼ਰੀ ਆਰਜ਼ੀ ਹੈ ਅਤੇ ਤੁਹਾਡੀ ਉੱਥੇ ਵਾਪਸ ਜਾਣ ਦੀ ਮਨਸ਼ਾ ਹੈ।

ਜੇ ਤੁਸੀਂ ਨਹੀਂ ਸੋਚਦੇ ਕਿ ਤੁਹਾਨੂੰ ਸਫਰ ਵਾਲੀ ਛੋਟ ਦੀ ਲੋੜ ਹੈ, ਤਾਂ ਤੁਸੀਂ ਇਹ ਸਬੂਤ ਹਵਾਈ ਅੱਡੇ ਉੱਤੇ ਚੈਕ-ਇਨ ਕਰਨ ਲੱਗਿਆਂ ਵਿਖਾ ਸਕਦੇ ਹੋ। ਪਰੰਤੂ, ਜੇ ਤੁਹਾਨੂੰ ਸ਼ੱਕ ਹੈ ਕਿ ਕੀ ਤੁਹਾਡੇ ਹਾਲਾਤ ਆਮ ਨਿਵਾਸੀ ਦੀ ਪਰਿਭਾਸ਼ਾ ਵਿੱਚ ਆਉਂਦੇ ਹਨ, ਅਸੀਂ ਸਿਫਾਰਸ਼ ਕਰਦੇ ਹਾਂ ਕਿ ਤੁਹਾਨੂੰ ਮੁਲਾਂਕਣ ਲਈ ਬੇਨਤੀ ਆਪਣੇ ਯੋਜਨਾਬੱਧ ਸਫਰ ਤੋਂ ਘੱਟੋ ਘੱਟ ਚਾਰ ਹਫਤੇ ਪਹਿਲਾਂ ਪਾਉਣੀ ਚਾਹੀਦੀ ਹੈ।